## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ. ਸਿ:) ਪੰਜਾਬ
## ਫੇਜ -8 , ਸਅਸ ਨਗਰ

ਹੁਕਮ ਨੰ- 11/67-2015 ਅਮਲਾ-1(4,8)/485
ਮਿਤੀ, ਸਅਸ ਨਗਰ:- 27-2-17

### ਫਿਜੀਕਸ

ਮਿਤੀ 3-7-16 ਨੂੰ ਮਾਸਟਰ/ਮਿਸਟ੍ਰੈਸ ਤੋਂ ਬਤੌਰ ਲੈਕਚਰਾਰ ਪਦ ਉਨਤੀਆਂ ਕੀਤੀਆਂ ਗਈਆਂ ਸਨ। ਕੁਝ ਪਦ ਉਨਤੀਆਂ ਮਾਨਯੋਗ ਹਾਈ ਕੋਰਟ ਵੱਲੋਂ ਸਿ. ਰਿ. ਪ. ਨੰ. 13563 ਆਫ 2016, ਬਲਦੇਵ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਦੇ ਕੇਸ ਵਿਚ ਆਪਣੇ ਹੁਕਮ ਮਿਤੀ 14-07-2016 ਨਾਲ ਰੋਕ ਲਗਾ ਦਿੱਤੇ ਜਾਣ ਕਾਰਣ ਨਹੀਂ ਕੀਤੀਆਂ ਜਾ ਸਕੀਆਂ। ਹੁਣ ਮਾਨਯੋਗ ਹਾਈ ਕੋਰਟ ਵੱਲੋਂ ਆਪਣੇ ਹੁਕਮ ਮਿਤੀ 30-11-2016 ਰਾਂਹੀ ਪਦ ਉਨਤੀਆਂ ਤੇ ਲੱਗੀ ਰੋਕ ਹਟਾ ਦਿੱਤੀ ਗਈ ਹੈ। ਇਸ ਲਈ ਹੇਠ ਦਰਸਾਏ ਕਰਮਚਾਰੀਆਂ ਨੂੰ ਮਿਤੀ 03-7-2016 ਤੋਂ ਬਤੌਰ ਲੈਕਚਰਾਰ ਫਿਜੀਕਸ ਪੇ ਸਕੇਲ 10300 -34800 + 5400 (ਗਰੇਡ ਪੇਅ) ਵਿਚ ਪਦ ਉਨਤ ਕੀਤਾ ਜਾਂਦਾ ਹੈ। ਇਨ੍ਹਾਂ ਦੀ ਤਨਖਾਹ ਮਿਤੀ 03-07-2016 ਤੋਂ ਨੋਸਨਲ ਤੌਰ ਤੇ ਬਤੌਰ ਲੈਕਚਰਾਰ ਫਿਕਸ ਕੀਤੀ ਜਾਵੇਗੀ। ਪਰੰਤੂ ਅਸਲ ਵਿੱਤੀ ਲਾਭ ਬਤੌਰ ਲੈਕਚਰਾਰ ਹਾਜਰ ਹੋਣ ਦੀ ਮਿਤੀ ਤੋਂ ਮਿਲਣ ਯੋਗ ਹੋਣਗੇ।

General

| Sr No | Sen No. Master Cadre | Name | Father Name | Sub of Master Cadre | School of Present Posting (District) | Category |
|---|---|---|---|---|---|---|
| 1 | 2989 | Lovjinder singh | Naib chand | Math | Ghs Behala | S C |
| 2 | 3533 | Abhiram Syal | Ravi kant Syal | sci | GMS Gobindpura Kpt | Gen |
| 3 | 3560 A | Vivek Sharma | Gian Chand | Sci | Gss Model Sch BML Project (BBMB Sunder Nagar) | Gen |
| 4 | 2335A | Jasleen Kaur | Harpreet Singh | Math | Gsss Thrike | Gen |

| | | | | | | |
|---|---|---|---|---|---|---|
| 5 | 3565 | AMANDEEP | GURBACHAN DHIMAN | sci | gms bajuha khurd | Gen |
| 6 | 3672 | Kulwinder singh | Surjeet singh | Sci | Ghs Guram | Gen |
| 7 | 3749 | Rajwinderjeet Kaur | Satnam Singh | sci | gsss maiserkhana | gen |
| 8 | 3704 | Sanjeev Kumar | Basant Singh | sci | GSSS Mustafabad, Asr | Gen |
| 9 | 3804 | Narinder Kumar | Subhash Chand | Sci | GHS Sundran | Gen |

Handicapped

| | | | | | | |
|---|---|---|---|---|---|---|
| 1 | 3806 | Ravneet Kaur | Mukhtiar singh | sci | Ghs Rarr | Gen Visual Handicap |

ਇਹ ਪਦ ਉਨਤੀਆਂ ਹੇਠ ਲਿਖੀਆਂ ਸਰਤਾਂ ਤੇ ਨਿਰਭਰ ਹੋਣਗੀਆਂ:-

1. ਪਦ-ਉਨਤ ਕੀਤੇ ਕਰਮਚਾਰੀਆਂ ਦਾ ਪਰਖ ਸਮਾਂ 1 ਸਾਲ ਦਾ ਹੋਏਗਾ।

2. ਇਹ ਤਰੱਕੀਆਂ ਵਿਭਾਗ ਵੱਲੋਂ ਮਿਤੀ 19/07/2013 ਅਤੇ ਉਸ ਦੀ ਲਗਤਾਰਤਾ ਵਿੱਚ ਮਾਸਟਰ/ ਮਿਸਟ੍ਰੈਸ ਦੀ ਜੋ ਅੰਤਿਮ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਹੈ, ਦੇ ਅਧਾਰ ਤੇ ਕੀਤੀਆਂ ਗਈਆਂ ਹਨ। ਪਰੰਤੂ ਮਿਤੀ 19-7-13 ਦੀ ਸੀਨੀਆਰਤਾ ਮਾਨਯੋਗ ਹਾਈ ਕੋਰਟ ਵੱਲੋਂ ਸਿ.ਰਿ.ਪ. ਨੰ. 185 ਆਫ 2014 ਸਵੀਟੀ ਬਡਵਾਲ ਬਨਾਮ ਪੰਜਾਬ ਸਰਕਾਰ ਅਤੇ ਹੋਰ ਸਬੰਧਤ ਕੇਸਾ ਵਿਚ ਕੀਤੇ ਹੁਕਮਾਂ ਅਨੁਸਾਰ ਸੋਧੀ ਜਾਣੀ ਹੈ ਅਤੇ ਮਿਤੀ 3-7-16 ਦੀਆਂ ਪਦ ਉਨਤੀਆਂ ਉਸ ਸੋਧੀ ਜਾਣ ਵਾਲੀ ਸੀਨੀਆਰਤਾ ਦੇ ਅਧਾਰ ਤੇ ਰੀਵਿਊ ਕੀਤੀਆਂ ਜਾਣੀਆਂ ਹਨ। ਇਸ ਲਈ ਇਹ ਪਦ ਉਨਤੀਆਂ ਬਿਲਕੁੱਲ ਆਰਜੀ ਹਨ ਅਤੇ ਉਕਤ ਰੀਵਿਊ ਉਪਰੰਤ ਹੀ ਫਾਈਨਲ ਕੀਤੀਆਂ ਜਾਣਗੀਆਂ।

3. ਤਰੱਕੀ ਲਈ ਵਿਚਾਰੇ ਗਏ ਉਮੀਦਵਾਰਾਂ ਵਿੱਚੋਂ ਜੇ ਕੋਈ ਕਰਮਚਾਰੀ ਇਹਨਾਂ ਹੁਕਮਾਂ ਦੀ ਮਿਤੀ 3-7-16 ਨੂੰ ਵਾਧੇ ਤੇ ਚੱਲ ਰਿਹਾ ਹੈ, ਤਾਂ ਅਜਿਹਾ ਕਰਮਚਾਰੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤਰੱਕੀ ਲੈਣ ਦਾ ਹੱਕਦਾਰ ਨਹੀਂ ਹੈ।

4. ਸਿ. ਰਿ. ਪ ਨੰ. 13563 ਆਫ 2016, ਬਲਦੇਵ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਪੰਜਾਬ ਰਾਜ ਤੋਂ ਬਾਹਰਲੀਆਂ ਯੂਨੀਵਰਸਿਟੀਆਂ ਨਾਲ ਸਬੰਧਤ ਹੋਰ ਕੋਰਟ ਕੇਸ ਜੋ ਕਿ ਇਸ ਸਮੇਂ ਪੈਂਡਿੰਗ ਹਨ, ਵਿਚ ਮਾਨਯੋਗ ਹਾਈ ਕੋਰਟ ਵੱਲੋਂ ਦਿੱਤਾ ਜਾਣ ਵਾਲਾ ਅੰਤਿਮ ਫੈਸਲਾ ਲਾਗੂ ਹੋਵੇਗਾ।

5. ਪੋਸਟਿੰਗ ਸਬੰਧੀ ਵੱਖਰੇ ਤੌਰ ਤੇ ਹੁਕਮ ਜਾਰੀ ਕੀਤੇ ਜਾਣਗੇ। ਸਟੇਸਨ ਮਿਲਣ ਉਪਰੰਤ ਹਰ ਲੈਕਚਰਾਰ 4 ਦਿਨਾਂ ਦੇ ਅੰਦਰ ਅੰਦਰ ਹਰ ਹਾਲਤ ਵਿਚ ਅਲਾਟ ਕੀਤੇ ਸਟੇਸਨ ਤੇ ਹਾਜਰ ਹੋਣਗੇ। ਹਾਜਰ ਨਾ ਹੋਣ ਦੀ ਸੂਰਤ ਵਿੱਚ ਉਸ ਨੂੰ 2 ਸਾਲ ਲਈ ਪਦ ਉਨਤੀ ਤੋਂ ਡੀਬਾਰ ਸਮਝਿਆ ਜਾਵੇਗਾ। ਸਬੰਧਤ ਡੀ.ਡੀ.ਓ ਅਜਿਹੇ ਕਰਮਚਾਰੀਆਂ ਦੀ ਸੇਵਾ ਪੱਤਰੀ ਵਿੱਚ ਡੀਬਾਰ ਸੰਬਧੀ ਐਂਟਰੀ ਕਰਨਾ ਯਕੀਨੀ ਬਣਾਉਣਗੇ ।

6. ਪੋਸਟਿੰਗ ਉਪਰੰਤ ਮਿਥੇ ਸਮੇ ਵਿੱਚ ਹਾਜ਼ਰ ਹੋਣ ਵਾਲੇ ਅਤੇ ਹਾਜ਼ਰ ਨਾ ਹੋਣ ਵਾਲੇ ਕਰਮਚਾਰੀਆਂ ਦੀਆ ਵੱਖ ਵੱਖ ਸੂਚੀਆਂ (ਵਿਸ਼ੇ ਵਾਰ) ਸੰਬਧਤ ਜਿਲ੍ਹਾ ਸਿੱਖਿਆ ਅਫਸਰ, ਡਾਇਰੈਕਟਰੋਕੇਟ (ਸੈ.ਸਿ) ਦੀ ਅਮਲਾ -1 ਸ਼ਾਖਾ ਵਿਖੇ ਪੋਸਟਿੰਗ ਹੁਕਮ ਜਾਰੀ ਹੋਣ ਤੋ 1 ਮਹੀਨੇ ਦੇ ਅੰਦਰ ਅੰਦਰ ਭੇਜਣਾ ਯਕੀਨੀ ਬਣਾਉਣਗੇ।

ਸੁਖਦੇਵ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ
ਐਸ.ਏ.ਐਸ ਨਗਰ

ਪਿਠ ਅੰਕਣ ਨੰ.: ਉਕਤ — ਮਿਤੀ: 28-02-2017

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. **ਵਧੀਕ ਮੁੱਖ ਸਕੱਤਰ ਪੰਜਾਬ ਸਰਕਾਰ, ਸਕੂਲ** ਸਿੱਖਿਆ **ਵਿਭਾਗ**( ਸਿਖਿਆਂ 2 ਸ਼ਾਖਾ)।
2. **ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਹੁਕਮਾਂ ਦੀ ਕਾਪੀ www.ssapunjab.org ਵੈਬਸਾਈਟ ਤੇ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।**
3. **ਮੰਡਲ ਸਿੱਖਿਆਂ ਅਫਸਰ ਨਾਭਾ, ਜਲੰਧਰ ਅਤੇ ਫਰੀਦਕੋਟ।**
4. **ਸਮੂਹ ਜਿਲ੍ਹਾ ਸਿੱਖਿਆ ਅਫਸਰ, ਪੰਜਾਬ।**
5. **ਸੰਬਧਤ ਕਰਮਚਾਰੀ** ਇਹਨਾਂ ਹੁਕਮਾਂ ਦੀ ਕਾਪੀ **www.ssapunjab.org** ਤੋਂ ਪ੍ਰਾਪਤ ਕਰਣਗੇ।

ਸਹਾਇਕ ਡਾਇਰੈਕਟਰ